## ਮਹੀਨਾਵਾਰ ਟੈਸਟ, ਨਵੰਬਰ-2010
## ਵਿਸ਼ਾ : ਪੰਜਾਬੀ, ਜਮਾਤ : ਦਸਵੀਂ

**ਸਮਾਂ:** 40 **ਮਿੰਟ** **ਕੁਲ ਅੰਕ:** 20

**ਪ੍ਰ:1 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਦਿਉ:-** (1/2×10=5)

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਨਾਲ ਕਿਹੋ ਜਿਹੀ ਪ੍ਰੀਤ ਕਰਨੀ ਚਹੁੰਦੇ ਹਨ ?

(ਅ) ਸ਼੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਮਾਤਮਾ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ ?

(ੲ) ਸ਼੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰੀ ਕੁਦਰਤ ਕੀ ਕਰ ਰਹੀ ਹੈ ?

(ਸ) ਸ਼੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦਾ ਸੱਚਾ ਮਿੱਤਰ ਕੌਣ ਹੈ ?

(ਹ) 'ਹਿਆਉ ਨ ਕੈਹੀ ਠਾਹਿ' ਲੇਖ ਕਿਸ ਲੇਖਕ ਦਾ ਲੇਖ ਹੈ ?

(ਕ) 'ਹਿਆਉ ਨ ਕੈਹੀ ਠਾਹਿ' ਲੇਖ ਅਨੁਸਾਰ ਸਾਨੂੰ ਇਸ ਸੰਸਾਰ ਵਿੱਚ ਕਿਸ ਤਰ੍ਹਾਂ ਵਿਚਰਨਾ ਚਾਹੀਦਾ ਹੈ ?

(ਖ) ਮਨੁੱਖ ਦੂਜਿਆਂ ਨਾਲ ਖਰਵਾ ਕਦੋਂ ਬੋਲਦਾ ਹੈ ?

(ਗ) 'ਕਲਮ ਜਾਗ ਪਈ' ਕਹਾਣੀ ਕਿਸ ਕਹਾਣੀਕਾਰ ਦੀ ਲਿਖੀ ਹੋਈ ਹੈ ?

(ਘ) ਦੀਨੇ ਨੇ ਆਪਣੇ ਘਰ ਦੀ ਕੱਚੀ ਕੋਠੜੀ ਵਿੱਚ ਅਖਬਾਰਾਂ ਵਿੱਚੋਂ ਕੱਟ ਕੇ ਕਿਹਨਾਂ ਦੀਆਂ ਤਸਵੀਰਾਂ ਲਾਈਆਂ ਹੋਈਆਂ ਸਨ ?

(ਙ) ਨੱਥਾ ਤੇ ਜਗਨਾ ਨਾਵਲ ਦੇ ਨੌਂਵੇਂ ਕਾਂਡ ਵਿੱਚ ਆਪਣੇ ਸਕੂਲ ਦੇ ਕਿਸ ਮਾਸਟਰ ਜੀ ਦੇ ਘਰ ਗਏ ?

ਪ੍ਰ:2 ਗੁਰੂ ਹਰਿ ਰਾਇ ਜੀ ਕਿਉਂ ਉਦਾਸ ਹੋ ਗਏ ? (5)

'ਹਿਆਉ ਨ ਕੈਹੀ ਗਹਿ', ਪਾਠ ਦੇ ਅਧਾਰ 'ਤੇ ਦੱਸੋ ?

ਜਾਂ

ਮੰਦੇ ਖ਼ਿਆਲ ਕਿਵੇਂ ਬਦੀ ਦੇ ਹਰਕਾਰੇ ਹਨ ? ਪਾਠ ਦੇ ਆਧਾਰ 'ਤੇ ਦੱਸੋ।

**ਪ੍ਰ:3 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋ:-** (2×3=6)

(ੳ) ਲੋਹਾ ਮੰਨਣਾ

(ਅ) ਨੱਕ 'ਚ ਦਮ ਕਰਨਾ

(ੲ) ਸੱਪ ਸੁੰਘ ਜਾਣਾ

(ਸ) ਪੈਰਾਂ ਹੇਠੋਂ ਜ਼ਮੀਨ ਖਿਸਕਣੀ

(ਹ) ਮੁੱਛ ਦਾ ਵਾਲ ਬਣਨਾ।

**ਪ੍ਰ:4 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:-** (1×4=4)

(ੳ) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿੱਪੀ ਢੁੱਕਵੀ ਹੈ ?

(ਅ) ਵਰਨ ਜਾਂ ਅੱਖਰ ਕਿਸਨੂੰ ਆਖਦੇ ਹਨ ?

(ੲ) ਵਰਨਮਾਲਾ ਕੀ ਹੁੰਦੀ ਹੈ ?

(ਸ) ਪੰਜਾਬੀ ਲਿਪੀ ਦੇ ਕੁੱਲ ਕਿੰਨੇ ਵਰਨ ਹਨ ?